# ਮੈਂ ਅਤੇ ਮੇਰਾ ਭਰਾ

ਪ੍ਰੀ-ਪ੍ਰਾਇਮਰੀ-2 ਲਈ



ਸਕੂਲ ਸਿੱਖਿਆ ਵਿਭਾਗ, ਪੰਜਾਬ

# ਮੈਂ ਅਤੇ ਮੇਰਾ ਭਰਾ

ਲੇਖਕ

ਕੰਚਨ ਬੈਨਰਜੀ

ਚਿੱਤਰਕਾਰ

ਪਲਕ ਗੋਸਵਾਮੀ

ਪੰਜਾਬੀ ਅਨੁਵਾਦ

ਰੁਚਿਕਾ ਰਾਣੀ

ਇਹ ਰਮਨ ਵੀਰ ਜੀ ਹਨ।
ਇਹ ਚੌਥੀ ਜਮਾਤ ਵਿੱਚ ਪੜ੍ਹਦੇ ਹਨ।



ਇਹ ਮੈਂ ਹਾਂ।
ਮੈਂ ਪ੍ਰੀ-ਪ੍ਰਾਇਮਰੀ ਵਿੱਚ ਪੜ੍ਹਦਾ ਹਾਂ।

ਅਸੀਂ ਸਵੇਰੇ ਸਕੂਲ ਜਾਣ ਲਈ ਤਿਆਰ ਹੁੰਦੇ ਹਾਂ।




ਹੁਣ ਮੈਂ ਆਪਣੀ ਵਰਦੀ ਦੀ ਕਮੀਜ਼
ਦੇ ਬਟਨ ਬੰਦ ਕਰ ਲੈਂਦਾ ਹਾਂ।

ਵੀਰ ਜੀ ਸਕੂਲ ਵਾਲ਼ੇ ਬੂਟ ਪਹਿਨਣ ਵਿੱਚ ਮੇਰੀ ਮਦਦ ਕਰਦੇ ਹਨ।



ਉਹ ਮੈਨੂੰ ਸਾਈਕਲ ’ਤੇ ਬਿਠਾ ਕੇ ਸਕੂਲ ਲੈ ਜਾਂਦੇ ਹਨ।
ਮੈਂ ਸਾਈਕਲ ਦੀ ਟੱਲੀ ਵਜਾਉਂਦਾ ਹਾਂ।




ਰਮਨ ਵੀਰ ਜੀ ਮੇਰੀਆਂ ਕਿਤਾਬਾਂ ਪੜ੍ਹਦੇ ਹਨ।



ਮੇਰੇ ਕੋਲ਼ ਇੱਕ ਛੋਟਾ ਬਸਤਾ ਹੈ।



ਛੁੱਟੀ ਹੋਣ ’ਤੇ ਸਕੂਲ ਬੰਦ ਹੋ ਜਾਂਦਾ ਹੈ।
ਅਤੇ ਅਸੀਂ ਇਕੱਠੇ ਘਰ ਜਾਂਦੇ ਹਾਂ।



ਸ਼ਾਮ ਨੂੰ ਅਸੀਂ ਕ੍ਰਿਕਟ ਖੇਡਦੇ ਹਾਂ।



ਰਾਤ ਨੂੰ ਅਸੀਂ ਇਕੱਠੇ ਖਾਣਾ ਖਾਂਦੇ ਹਾਂ।



ਇਸ ਕਹਾਣੀ ਵਿੱਚ ਇੱਕ ਬੱਚਾ ਆਪਣੇ ਵੱਡੇ ਭਰਾ ਨਾਲ ਸਕੂਲ ਜਾਣ ਅਤੇ ਵਾਪਸ ਆਉਣ ਬਾਰੇ ਦੱਸਦਾ ਹੈ। ਤੁਸੀਂ ਕਿਵੇਂ ਅਤੇ ਕਿਸ ਨਾਲ ਸਕੂਲ ਜਾਂਦੇ ਹੋ?


**PRATHAM BOOKS**

**A Book in Every Child's Hand**

Pratham Books is a not-for-profit organization that publishes books in multiple Indian languages to promote reading among children.

PRATHAM BOOKS storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

**PRATHAM**

Pratham is an innovative learning organization created to improve the quality of education in India.



ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ